ਮਿੱਠੇ ਬੱਚੇ:- ਇਹ ਸ਼ਰੀਰ ਰੂਪੀ ਖਿਲੌਣਾ ਆਤਮਾ ਰੂਪੀ ਚੇਤੰਨ ਚਾਬੀ ਨਾਲ ਚਲਦਾ ਹੈ , ਤੁਸੀਂ ਆਪਣੇ ਨੂੰ ਆਤਮਾ ਨਿਸ਼ਚਾ ਕਰੋ ਤਾਂ ਨਿਰਭਾਓ ਬਣ ਜਾਓਗੇ "

ਪ੍ਰਸ਼ਨ:- ਆਤਮਾ ਸ਼ਰੀਰ ਦੇ ਨਾਲ ਖੇਡ ਖੇਲਦੇ ਹੇਠਾਂ ਆਈ ਹੈ ਇਸਲਈ ਉਸ ਨੂੰ ਕਿਹੜਾ ਨਾਮ ਦੇਵਾਂਗੇ?

ਉੱਤਰ:- ਕਠਪੁਤਲੀ। ਜਿਵੇਂ ਡਰਾਮਾ ਵਿੱਚ ਕਠਪੁਤਲੀਆਂ ਦਾ ਖੇਡ ਵਿਖਾਉਂਦੇ ਹਨ ਉਵੇਂ ਤੁਸੀਂ ਆਤਮਾਵਾਂ ਕਠਪੁਤਲੀ ਦੀ ਤਰ੍ਹਾਂ 5 ਹਜ਼ਾਰ ਵਰ੍ਹੇ ਵਿੱਚ ਖੇਡ ਖੇਲਦੇ ਹੇਠਾਂ ਪਹੁੰਚ ਗਏ ਹੋ। ਬਾਪ ਆਏ ਹਨ ਤੁਸੀਂ ਕਠਪੁਤਲੀਆਂ ਨੂੰ ਉੱਪਰ ਚੜ੍ਹਨ ਦਾ ਰਸਤਾ ਦੱਸਣ। ਹੁਣ ਤੁਸੀਂ ਸ਼੍ਰੀਮਤ ਦੀ ਚਾਬੀ ਲਗਾਓ ਤਾ ਉੱਪਰ ਚਲੇ ਜਾਵੋਗੇ।

ਗੀਤ:- ਮਹਿਫ਼ਿਲ ਮੇਂ ਜਲ ਉਠੀ ਸਮਾ...

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸ਼੍ਰੀਮਤ ਦਿੰਦੇ ਹਨ - ਕਦੀ ਕਿਸੇ ਦੀ ਚਲਨ ਚੰਗੀ ਨਹੀਂ ਹੁੰਦੀ ਤਾਂ ਮਾਂ - ਬਾਪ ਕਹਿੰਦੇ ਹਨ - ਤੁਹਾਨੂੰ ਸ਼ਲ ਈਸ਼ਵਰ ਮੱਤ ਦੇਣ। ਵਿਚਾਰਿਆਂ ਨੂੰ ਇਹ ਪਤਾ ਹੀ ਨਹੀਂ ਕਿ ਈਸ਼ਵਰ ਸੱਚਮੁੱਚ ਮੱਤ ਦਿੰਦੇ ਹਨ। ਹੁਣ ਤੁਸੀਂ ਬੱਚਿਆਂ ਨੂੰ ਈਸ਼ਵਰ ਮੱਤ ਮਿਲ ਰਹੀ ਹੈ ਮਤਲਬ ਰੂਹਾਨੀ ਬਾਪ ਬੱਚਿਆਂ ਨੂੰ ਸ੍ਰੇਸ਼ਠ ਮੱਤ ਦੇ ਰਹੇ ਹਨ ਸ੍ਰੇਸ਼ਠ ਬਣਨ ਦੇ ਲਈ। ਹੁਣ ਤੁਸੀਂ ਸਮਝਦੇ ਹੋ ਅਸੀਂ ਸ੍ਰੇਸ਼ਠ ਤੇ ਸ੍ਰੇਸ਼ਠ ਬਣ ਰਹੇ ਹਾਂ। ਬਾਪ ਸਾਨੂੰ ਕਿੰਨੀ ਉੱਚ ਮੱਤ ਦੇ ਰਹੇ ਹਨ। ਅਸੀਂ ਉਨ੍ਹਾਂ ਦੀ ਮੱਤ ਤੇ ਚੱਲਕੇ ਮਨੁੱਖ ਤੋਂ ਦੇਵਤਾ ਬਣ ਰਹੇ ਹਾਂ। ਤਾਂ ਸਿੱਧ ਹੁੰਦਾ ਹੈ ਮਨੁੱਖ ਨੂੰ ਦੇਵਤਾ ਬਣਾਉਣ ਵਾਲਾ ਉਹ ਹੀ ਬਾਪ ਹੈ। ਸਿੱਖ ਲੋਕ ਵੀ ਗਾਉਂਦੇ ਹਨ ਮਨੁੱਖ ਤੋਂ ਦੇਵਤਾ ਕੀਏ... ਤਾਂ ਜਰੂਰ ਮਨੁੱਖ ਤੋਂ ਦੇਵਤਾ ਬਣਾਉਣ ਦੀ ਮੱਤ ਦਿੰਦੇ ਹਨ। ਉਨ੍ਹਾਂ ਦੀ ਮਹਿਮਾ ਵੀ ਗਾਈ ਹੈ - ਇਕਓਂਕਾਰ..ਕਰਤਾਪੁਰਖ, ਨਿਰਭਓ...ਤੁਸੀਂ ਸਭ ਨਿਰਭਓ ਹੋ ਜਾਂਦੇ ਹੋ। ਆਪਣੇ ਨੂੰ ਆਤਮਾ ਸਮਝਦੇ ਹੋ ਨਾ। ਆਤਮਾ ਨੂੰ ਕੋਈ ਭੈਅ ਨਹੀਂ ਰਹਿੰਦਾ ਹੈ। ਬਾਪ ਕਹਿੰਦੇ ਹਨ ਨਿਰਭੈ ਬਣੋ। ਭੈਅ ਫਿਰ ਕਿਸ ਦਾ। ਤੁਹਾਨੂੰ ਕੋਈ ਭੈਅ ਨਹੀਂ। ਤੁਸੀਂ ਆਪਣੇ ਘਰ ਬੈਠੇ ਵੀ ਬਾਪ ਦੀ ਸ਼੍ਰੀਮਤ ਲੈਂਦੇ ਰਹਿੰਦੇ ਹੋ। ਹੁਣ ਸ਼੍ਰੀਮਤ ਕਿਸਦੀ ਹੈ? ਕੌਣ ਦਿੰਦੇ ਹਨ? ਇਹ ਗੱਲਾਂ ਗੀਤਾ ਵਿੱਚ ਤਾਂ ਹਨ ਨਹੀਂ। ਹੁਣ ਤੁਸੀਂ ਬੱਚੇ ਸਮਝਦੇ ਹੋ। ਬਾਪ ਕਹਿੰਦੇ ਹਨ ਤੁਸੀਂ ਪਤਿਤ ਬਣ ਗਏ ਹੋ, ਹੁਣ ਪਾਵਨ ਬਣਨ ਦੇ ਲਈ ਮਾਮੇਕਮ ਯਾਦ ਕਰੋ। ਇਹ ਪੁਰਸ਼ੋਤਮ ਬਣਨ ਦਾ ਮੇਲਾ ਸੰਗਮਯੁਗ ਤੇ ਹੀ ਹੁੰਦਾ ਹੈ। ਬਹੁਤ ਆਕੇ ਸ਼੍ਰੀਮਤ ਲੈਂਦੇ ਹਨ। ਇਸ ਨੂੰ ਕਿਹਾ ਜਾਂਦਾ ਹੈ ਈਸ਼ਵਰ ਦੇ ਨਾਲ ਬੱਚਿਆਂ ਦਾ ਮੇਲਾ ਹੈ। ਈਸ਼ਵਰ ਵੀ ਨਿਰਾਕਾਰ ਹੈ। ਬੱਚੇ (ਆਤਮਾਵਾਂ) ਵੀ ਨਿਰਾਕਾਰ ਹਨ। ਅਸੀਂ ਆਤਮਾ ਹਾਂ, ਇਹ ਪੱਕੀ - ਪੱਕੀ ਆਦਤ ਪਾਉਣੀ ਹੈ। ਜਿਵੇਂ ਖਿਡੌਣੇ ਨੂੰ ਚਾਬੀ ਦਿੱਤੀ ਜਾਂਦੀ ਹੈ ਤਾਂ ਡਾਂਸ ਕਰਨ ਲੱਗ ਪੈਂਦੇ ਹਨ। ਤਾਂ ਆਤਮਾ ਵੀ ਇਸ ਸ਼ਰੀਰ ਰੂਪੀ ਖਿਡੌਣੇ ਦੀ ਚਾਬੀ ਹੈ। ਆਤਮਾ ਇਨ੍ਹਾਂ ਵਿੱਚ ਨਾ ਹੋਵੇ ਤਾਂ ਕੁਝ ਵੀ ਕਰ ਨਾ ਸਕਣ। ਤੁਸੀਂ ਹੋ ਚੇਤੰਨ ਖਿਡੌਣੇ। ਖਿਡੌਣੇ ਦੀ ਚਾਬੀ ਨਹੀਂ ਦਿੱਤੀ ਜਾਵੇ ਤਾਂ ਕੰਮ ਦਾ ਨਹੀਂ ਰਹੇਗਾ। ਖੜ੍ਹਾ ਹੋ ਜਾਵੇਗਾ। ਆਤਮਾ ਵੀ ਚੇਤੰਨ ਚਾਬੀ ਹੈ ਅਤੇ ਇਹ ਅਵਿਨਾਸ਼ੀ, ਅਮਰ ਚਾਬੀ ਹੈ। ਬਾਪ ਸਮਝਾਉਂਦੇ ਹਨ ਮੈਂ ਵੇਖਦਾ ਹੀ ਹਾਂ ਆਤਮਾ ਨੂੰ। ਆਤਮਾ ਸੁਣਦੀ ਹੈ - ਇਹ ਪੱਕੀ ਆਦਤ ਪਾਉਣੀ ਹੈ। ਇਸ ਚਾਬੀ ਬਗੈਰ ਸ਼ਰੀਰ ਚੱਲ ਨਾ ਸਕੇ। ਇਨ੍ਹਾਂ ਨੂੰ ਵੀ ਚਾਬੀ ਅਵਿਨਾਸ਼ੀ ਮਿਲੀ ਹੋਈ ਹੈ। 5 ਹਜ਼ਾਰ ਵਰ੍ਹੇ ਬਾਦ ਇਸ ਦੀ ਚਾਬੀ ਮਿਲਦੀ ਹੈ। ਚੈਤੰਨ ਚਾਬੀ ਹੋਣ ਦੇ ਕਾਰਨ ਚੱਕਰ ਫ਼ਿਰਦਾ ਹੀ ਰਹਿੰਦਾ ਹੈ। ਇਹ ਹਨ ਚੈਤੰਨ ਖਿਡੌਣੇ। ਬਾਪ ਵੀ ਚੈਤੰਨ ਆਤਮਾ ਹਨ। ਜਦੋਂ ਚਾਬੀ ਪੂਰੀ ਹੁੰਦੀ ਹੈ ਤਾਂ ਫਿਰ ਬਾਪ ਨਵੇਂ ਸਿਰੇ ਤੋਂ ਯੁਕਤੀ ਦੱਸਦੇ ਹਨ ਕਿ ਮੈਨੂੰ ਯਾਦ ਕਰੋ ਤਾਂ ਫਿਰ ਚਾਬੀ ਲੱਗ ਜਾਵੇਗੀ ਮਤਲਬ ਤਮੋਂਪ੍ਰਧਾਨ ਤੋਂ ਸਤੋਪ੍ਰਧਾਨ ਬਣ ਜਾਵੋਗੇ। ਜਿਸ ਤਰ੍ਹਾਂ ਮੋਟਰ ਵਿੱਚ ਪੈਟ੍ਰੋਲ ਖ਼ਤਮ ਹੋਣ ਤੇ ਫਿਰ ਭਰਿਆ ਜਾਂਦਾ ਹੈ ਨਾ। ਹੁਣ ਤੁਹਾਡੀ ਆਤਮਾ ਸਮਝਦੀ ਹੈ - ਸਾਡੇ ਵਿੱਚ ਪੈਟ੍ਰੋਲ ਕਿਵੇਂ ਭਰੇਗਾ! ਬੈਟਰੀ ਖਾਲੀ ਹੁੰਦੀ ਹੈ ਫਿਰ ਉਸ ਵਿੱਚ ਪਾਵਰ ਭਰੀ ਜਾਂਦੀ ਹੈ ਨਾ। ਬੈਟਰੀ ਖਾਲੀ ਹੁੰਦੀ ਹੈ ਤਾਂ ਲਾਈਟ ਖ਼ਤਮ ਹੋ ਜਾਂਦੀ ਹੈ। ਹੁਣ ਤੁਹਾਡੀ ਆਤਮਾ ਰੂਪੀ ਬੈਟਰੀ ਭਰਦੀ ਹੈ। ਜਿਨ੍ਹਾਂ ਯਾਦ ਕਰੋਗੇ ਉਤਨੀ ਪਾਵਰ ਭਰਦੀ ਜਾਵੇਗੀ। ਇਨ੍ਹਾਂ 84 ਜਨਮਾਂ ਦਾ ਚੱਕਰ ਲਗਾਏ ਬੈਟਰੀ ਖਾਲੀ ਹੋ ਗਈ ਹੈ। ਸਤੋ, ਰਜੋ, ਤਮੋ ਵਿੱਚ ਆਈ ਹੈ। ਹੁਣ ਫਿਰ ਬਾਪ ਆਏ ਹਨ ਚਾਬੀ ਨੂੰ ਦੇਣ ਅਤੇ ਬੈਟਰੀ ਨੂੰ ਭਰਨ। ਪਾਵਰ ਨਹੀਂ ਹੈ ਤਾਂ ਮਨੁੱਖ ਕਿਵੇਂ ਦੇ ਬਣ ਜਾਂਦੇ ਹਨ। ਤਾਂ ਹੁਣ ਯਾਦ ਨਾਲ ਹੀ ਬੈਟਰੀ ਨੂੰ ਭਰਨਾ ਹੈ, ਇਨ੍ਹਾਂ ਨੂੰ ਹਿਊਮਨ ਬੈਟਰੀ ਕਹੋ। ਬਾਪ ਕਹਿੰਦੇ ਹਨ ਮੇਰੇ ਨਾਲ ਯੋਗ ਲਗਾਓ। ਇਹ ਗਿਆਨ ਇੱਕ ਹੀ ਬਾਪ ਦਿੰਦੇ ਹਨ। ਸਦਗਤੀ ਦਾਤਾ ਇੱਕ ਹੀ ਬਾਪ ਹੈ। ਹੁਣ ਤੁਹਾਡੀ ਬੈਟਰੀ ਸਾਰੀ ਭਰਦੀ ਹੈ ਜੋ ਫਿਰ 84 ਜਨਮ ਪੂਰਾ ਪਾਰ੍ਟ ਵਜਾਉਂਦੇ ਹੋ। ਜਿਸ ਤਰ੍ਹਾਂ ਡਰਾਮੇ ਵਿੱਚ ਕੱਠਪੁਤਲੀਆਂ ਨੱਚਦੀਆਂ ਹਨ ਨਾ। ਤੁਸੀਂ ਆਤਮਾਵਾਂ ਵੀ ਇੰਝ ਕਠਪੁਤਲੀਆਂ ਮਿਸਲ ਹੋ। ਉੱਪਰ ਤੋਂ ਉੱਤਰਦੇ 5 ਹਜ਼ਾਰ ਵਰ੍ਹੇ ਵਿੱਚ ਇੱਕਦਮ ਥੱਲੇ ਆ ਜਾਂਦੇ ਹੋ ਫਿਰ ਬਾਪ ਆਕੇ ਉਪਰ ਚੜ੍ਹਾਉਂਦੇ ਹਨ। ਉਹ ਤਾਂ ਇੱਕ ਖਿਡੌਣਾ ਹੈ। ਬਾਪ ਅਰਥ ਸਮਝਾਉਂਦੇ ਹਨ ਚੜ੍ਹਦੀ ਕਲਾ ਤੇ ਉੱਤਰਦੀ ਕਲਾ ਦਾ, 5 ਹਜ਼ਾਰ ਵਰ੍ਹਿਆਂ ਦੀ ਗੱਲ ਹੈ। ਤੁਸੀਂ ਸਮਝਦੇ ਹੋ ਸ਼੍ਰੀਮਤ ਨਾਲ ਸਾਨੂੰ ਚਾਬੀ ਮਿਲ ਰਹੀ ਹੈ। ਅਸੀਂ ਫੁਲ ਸਤੋਪ੍ਰਧਾਨ ਬਣ ਜਾਵਾਂਗੇ ਫਿਰ ਸਾਰਾ ਪਾਰ੍ਟ ਰਿਪੀਟ ਕਰਾਂਗੇ। ਕਿੰਨੀ ਸੌਖੀ ਗੱਲ ਹੈ। - ਸਮਝਣ ਦੀ ਅਤੇ ਸਮਝਾਉਣ ਦੀ। ਫਿਰ ਵੀ ਬਾਪ ਕਹਿੰਦੇ ਹਨ ਸਮਝਣਗੇ ਉਹੀ ਜਿਨ੍ਹਾਂ ਨੇ ਕਲਪ ਪਹਿਲਾਂ ਸਮਝਿਆ ਹੋਏਗਾ। ਤੁਸੀਂ ਕਿੰਨਾ ਵੀ ਮੱਥਾ ਮਾਰੋ ਜਿਆਦਾ ਸਮਝਣਗੇ ਹੀ ਨਹੀਂ। ਬਾਪ ਸਮਝਾਉਣੀ ਤਾਂ ਸਭ ਨੂੰ ਇੱਕ ਜਿਹੀ ਹੀ ਦਿੰਦੇ ਹਨ। ਕਿੱਥੇ ਵੀ ਬੈਠੇ ਬਾਪ ਨੂੰ ਹੀ ਯਾਦ ਕਰਨਾ ਹੈ। ਭਾਵੇਂ ਸਾਹਮਣੇ ਬ੍ਰਾਹਮਣੀ ਨਾ ਹੋਵੇ ਤਾਂ ਵੀ ਤੁਸੀਂ ਯਾਦ ਵਿੱਚ ਬੈਠ ਸਕਦੇ ਹੋ। ਪਤਾ ਹੈ ਬਾਪ ਨੂੰ ਯਾਦ ਕਰਨ ਨਾਲ ਹੀ ਸਾਡੇ ਵਿਕਰਮ ਵਿਨਾਸ਼ ਹੋਣਗੇ। ਤਾਂ ਉਸ ਯਾਦ ਵਿੱਚ ਬੈਠ ਜਾਣਾ ਹੈ।

ਕਿਸੇ ਨੂੰ ਬਿਠਾਉਣ ਦੀ ਲੋੜ ਨਹੀਂ ਹੈ। ਖਾਂਦੇ - ਪੀਂਦੇ, ਨਹਾਉਂਦੇ ਆਦਿ ਕਰਦੇ ਬਾਪ ਨੂੰ ਯਾਦ ਕਰੋ। ਥੋੜ੍ਹਾ ਟਾਇਮ ਕੋਈ ਸਾਹਮਣੇ ਬੈਠ ਜਾਂਦੇ ਹਨ। ਇਵੇਂ ਨਹੀਂ ਕਿ ਉਹ ਮਦਦ ਕਰਦੇ ਹਨ ਤੁਹਾਨੂੰ, ਨਹੀਂ। ਹਰ ਇੱਕ ਨੂੰ ਆਪਣੇ ਨੂੰ ਹੀ ਮਦਦ ਕਰਨੀ ਹੈ। ਈਸ਼ਵਰ ਨੇ ਤੇ ਮੱਤ ਦਿੱਤੀ ਹੈ। ਕਿ ਇਵੇਂ - ਇਵੇਂ ਕਰੋ ਤਾਂ ਤੁਹਾਡੀ ਬੁੱਧੀ ਦੈਵੀ ਬੁੱਧੀ ਬਣ ਜਾਵੇਗੀ। ਇਹ ਟੈਮ੍ਪਟੇਸ਼ਨ ਦਿੱਤੀ ਜਾਂਦੀ ਹੈ। ਸ਼੍ਰੀਮਤ ਤੇ ਸਭ ਨੂੰ ਦਿੰਦੇ ਰਹਿੰਦੇ ਹਨ। ਇਨ੍ਹਾਂ ਤਾਂ ਜਰੂਰ ਹੈ ਕਿਸੇ ਦੀ ਬੁੱਧੀ ਠੰਡੀ ਹੈ, ਕਿਸੇ ਦੀ ਤੇਜ਼। ਪਾਵਨ ਦੇ ਨਾਲ ਯੋਗ ਨਹੀਂ ਲਗਦਾ ਹੈ ਤਾਂ ਬੈਟਰੀ ਚਾਰਜ਼ ਨਹੀਂ ਹੁੰਦੀ। ਬਾਪ ਦੀ ਸ਼੍ਰੀਮਤ ਨਹੀਂ ਮਨਦੇ ਹਨ ਤਾਂ ਯੋਗ ਲਗਦਾ ਹੀ ਨਹੀਂ। ਤੁਸੀਂ ਹੁਣ ਫੀਲ ਕਰਦੇ ਹੋ ਕਿ ਸਾਡੀ ਬੈਟਰੀ ਭਰਦੀ ਜਾਂਦੀ ਹੈ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਜਰੂਰ ਬਨਣਾ ਹੈ। ਇਸ ਸਮੇਂ ਤੁਹਾਨੂੰ ਪਰਮਾਤਮਾ ਦੀ ਸ਼੍ਰੀਮਤ ਮਿਲ ਰਹੀ ਹੈ। ਇਹ ਦੁਨੀਆਂ ਬਿਲਕੁਲ ਨਹੀਂ ਸਮਝਦੀ। ਬਾਪ ਕਹਿੰਦੇ ਹਨ ਮੇਰੀ ਮੱਤ ਨਾਲ ਤੁਸੀਂ ਦੇਵਤਾ ਬਣ ਜਾਂਦੇ ਹੋ , ਇਸ ਤੋਂ ਉੱਚੀ ਕੋਈ ਚੀਜ਼ ਹੁੰਦੀ ਹੀ ਨਹੀਂ। ਉੱਥੇ ਇਹ ਗਿਆਨ ਨਹੀਂ ਰਹਿੰਦਾ। ਇਹ ਵੀ ਡਰਾਮਾ ਬਣਿਆ ਹੋਇਆ ਹੈ। ਤੁਹਾਨੂੰ ਪੁਰਸ਼ੋਤਮ ਬਣਾਉਣ ਲਈ ਬਾਪ ਸੰਗਮ ਤੇ ਹੀ ਆਉਦੇ ਹਨ, ਜਿਨ੍ਹਾਂ ਦਾ ਯਾਦਗਾਰ ਫ਼ਿਰ ਭਗਤੀ ਮਾਰਗ ਵਿੱਚ ਮਨਾਂਉਦੇ ਹਨ, ਦੁਸ਼ਹਿਰਾ ਵੀ ਮਨਾਂਉਦੇ ਹਨ ਨਾ। ਜਦੋਂ ਬਾਪ ਆਉਂਦੇ ਹਨ ਤਾਂ ਦੁਸ਼ਹਿਰਾ ਹੁੰਦਾ ਹੈ। 5 ਹਜ਼ਾਰ ਵਰ੍ਹੇ ਬਾਅਦ ਰਿਪੀਟ ਹੰਦਾ ਹੈ।

ਤੁਸੀਂ ਬੱਚਿਆਂ ਨੂੰ ਹੀ ਇਹ ਈਸ਼ਵਰੀਏ ਮੱਤ ਮਤਲਬ ਸ਼੍ਰੀਮਤ ਮਿਲਦੀ ਹੈ, ਜਿਸ ਨਾਲ ਤੁਸੀਂ ਸ੍ਰੇਸ਼ਠ ਬਣਦੇ ਹੋ। ਤੁਹਾਡੀ ਆਤਮਾ ਸਤੋਪ੍ਰਧਾਨ ਸੀ, ਉਹ ਉੱਤਰਦੇ - ਉੱਤਰਦੇ ਤਮੋਪ੍ਰਧਾਨ ਭ੍ਰਸ਼ਟ ਬਣ ਜਾਂਦੀ ਹੈ। ਫਿਰ ਬਾਪ ਬੈਠ ਗਿਆਨ ਅਤੇ ਯੋਗ ਸਿਖਾਕੇ ਸਤੋਪ੍ਰਧਾਨ ਸ੍ਰੇਸ਼ਠ ਬਣਾਉਂਦੇ ਹਨ। ਦੱਸਦੇ ਹਨ ਤੁਸੀਂ ਸੀੜੀ ਕਿਵੇਂ ਥੱਲੇ ਉੱਤਰਦੇ ਹੋ। ਡਰਾਮਾ ਚੱਲਦਾ ਰਹਿੰਦਾ ਹੈ। ਇਸ ਡਰਾਮੇ ਦੇ ਆਦਿ - ਮੱਧ - ਅੰਤ ਨੂੰ ਕੋਈ ਵੀ ਨਹੀਂ ਜਾਣਦੇ ਹਨ। ਬਾਪ ਨੇ ਸਮਝਾਇਆ ਹੈ ਨਾ ਤੁਹਾਨੂੰ ਸਮ੍ਰਿਤੀ ਆਈ ਹੈ ਨਾ। ਹਰ ਇੱਕ ਦੇ ਜਨਮ ਦੀ ਕਹਾਣੀ ਤਾਂ ਸੁਣਾ ਨਹੀਂ ਸਕਦੇ। ਲਿਖੀ ਵੀ ਨਹੀਂ ਜਾਂਦੀ ਜੋ ਪੜ੍ਹਕੇ ਸੁਣਾਈ ਜਾਏ। ਇਹ ਬਾਪ ਬੈਠ ਸਮਝਾਉਂਦੇ ਹਨ। ਹੁਣ ਤੁਸੀਂ ਸੋ ਬ੍ਰਾਹਮਣ ਬਣੇ ਹੋ ਫਿਰ ਸੋ ਦੇਵਤਾ ਬਣਨਾ ਹੈ। ਬਾਪ ਨੇ ਸਮਝਾਇਆ ਹੈ - ਬ੍ਰਾਹਮਣ, ਦੇਵਤਾ, ਸ਼ਤ੍ਰੀਯ ਤਿੰਨੋਂ ਧਰਮ ਮੈਂ ਸਥਾਪਨ ਕਰਦਾ ਹਾਂ। ਹੁਣ ਤੁਹਾਡੀ ਬੁੱਧੀ ਵਿੱਚ ਹੈ - ਅਸੀਂ ਬਾਪ ਦੁਆਰਾ ਬ੍ਰਾਹਮਣ ਵੰਸ਼ੀ ਬਣਦੇ ਹਾਂ ਫਿਰ ਸੂਰਜਵੰਸ਼ੀ, ਚੰਦ੍ਰਵੰਸ਼ੀ ਬਣਨਗੇ। ਜੋ ਨਾਪਾਸ ਹੁੰਦੇ ਹਨ ਉਹ ਚੰਦ੍ਰਵੰਸ਼ੀ ਬਣ ਜਾਂਦੇ ਹਨ। ਕਿਸ ਵਿੱਚ ਨਾਪਾਸ? ਯੋਗ ਵਿੱਚ। ਗਿਆਨ ਤਾਂ ਬਹੁਤ ਸਹਿਜ ਸਮਝਾਇਆ ਹੈ। ਕਿਵੇਂ ਤੁਸੀਂ 84 ਲਖ ਕਹਿ ਦਿੰਦੇ ਤਾਂ ਕਿੰਨਾ ਦੂਰ ਚਲੇ ਗਏ ਹਨ। ਹੁਣ ਤੁਹਾਨੂੰ ਮਿਲਦੀ ਹੈ ਈਸ਼ਵਰੀ ਮੱਤ। ਈਸ਼ਵਰ ਤਾਂ ਆਉਂਦੇ ਹੀ ਹਨ ਇੱਕ ਵਾਰ। ਤਾਂ ਉਨ੍ਹਾਂ ਦੀ ਮੱਤ ਵੀ ਇੱਕ ਵਾਰ ਹੀ ਮਿਲੇਗੀ। ਇੱਕ ਦੇਵੀ - ਦੇਵਤਾ ਧਰਮ ਸੀ। ਜਰੂਰ ਉਨ੍ਹਾਂ ਨੂੰ ਈਸ਼ਵਰੀ ਮੱਤ ਮਿਲੀ ਸੀ, ਉਸ ਦੇ ਅੱਗੇ ਤਾਂ ਹੋਇਆ ਸੰਗਮਯੁਗ। ਬਾਪ ਆਕੇ ਦੁਨੀਆਂ ਨੂੰ ਬਦਲਾਉਂਦੇ ਹਨ। ਤੁਸੀਂ ਹੁਣ ਬਦਲ ਰਹੇ ਹੋ। ਇਸ ਸਮੇਂ ਤੁਹਾਨੂੰ ਬਾਪ ਬਦਲਾਉਂਦੇ ਹਨ। ਤੁਸੀਂ ਕਹੋਗੇ ਕਲਪ - ਕਲਪ ਅਸੀਂ ਬਦਲਦੇ ਆਏ ਹਾਂ, ਬਦਲਦੇ ਹੀ ਰਹਾਂਗੇ। ਇਹ ਚੇਤੰਨ ਬੈਟਰੀ ਹੈ ਨਾ। ਉਹ ਹੈ ਜੜ੍ਹ। ਬੱਚਿਆਂ ਨੂੰ ਪਤਾ ਲੱਗਾ ਹੈ 5 ਹਜ਼ਾਰ ਵਰ੍ਹੇ ਬਾਦ ਬਾਪ ਆਏ ਹਨ। ਸ੍ਰੇਸ਼ਠ ਤੇ ਸ੍ਰੇਸ਼ਠ ਮੱਤ ਵੀ ਦਿੰਦੇ ਹਨ। ਉੱਚ ਤੇ ਉੱਚ ਭਗਵਾਨ ਦੀ ਉੱਚ ਮੱਤ ਮਿਲਦੀ ਹੈ - ਜਿਸ ਤੋਂ ਤੁਸੀਂ ਉੱਚ ਪਦ ਪਾਉਂਦੇ ਹੋ। ਤੁਹਾਡੇ ਕੋਲ ਜਦੋਂ ਕੋਈ ਆਉਂਦੇ ਹਨ ਤਾਂ ਬੋਲੋ ਤੁਸੀਂ ਈਸ਼ਵਰ ਦੀ ਸੰਤਾਨ ਹੋ ਨਾ। ਈਸ਼ਵਰ ਸ਼ਿਵਬਾਬਾ ਹੈ, ਸ਼ਿਵਜਯੰਤੀ ਵੀ ਮਨਾਉਂਦੇ ਹਨ। ਉਹ ਹੈ ਵੀ ਸਦਗਤੀ ਦਾਤਾ। ਉਨ੍ਹਾਂ ਨੂੰ ਆਪਣਾ ਸ਼ਰੀਰ ਤਾਂ ਹੈ ਨਹੀਂ। ਤਾਂ ਕਿਸ ਦੇ ਦੁਆਰਾ ਮੱਤ ਦਿੰਦੇ ਹਨ? ਤੁਸੀਂ ਵੀ ਆਤਮਾ ਹੋ, ਇਸ ਸ਼ਰੀਰ ਦੁਆਰਾ ਗੱਲਬਾਤ ਕਰਦੇ ਹੋ ਨਾ। ਸ਼ਰੀਰ ਬਗੈਰ ਆਤਮਾ ਕੁਝ ਕਰ ਨਾ ਸਕੇ। ਨਿਰਾਕਾਰ ਬਾਪ ਵੀ ਆਏ ਕਿਵੇਂ? ਗਾਇਨ ਵੀ ਹੈ ਰਥ ਤੇ ਆਉਂਦੇ ਹਨ। ਫਿਰ ਕਿਸੇ ਨੇ ਕੀ, ਕਿਸੇ ਨੇ ਕੀ ਬੈਠ ਬਣਾਇਆ ਹੈ। ਤ੍ਰਿਮੂਰਤੀ ਵੀ ਸੂਖ਼ਸ਼ਮਵਤਨ ਵਿੱਚ ਬੈਠ ਵਿਖਾਇਆ ਹੈ। ਬਾਪ ਸਮਝਾਉਂਦੇ ਹਨ - ਇਹ ਸਭ ਹਨ ਸਾਖ਼ਸ਼ਾਤਕਰ ਦੀਆਂ ਗੱਲਾਂ। ਬਾਕੀ ਰਚਨਾ ਤਾਂ ਸਾਰੀ ਇੱਥੇ ਹੈ ਨਾ। ਤਾਂ ਰਚਤਾ ਬਾਪ ਨੂੰ ਵੀ ਇੱਥੇ ਆਉਣਾ ਪਵੇ। ਪਤਿਤ ਦੁਨੀਆਂ ਵਿੱਚ ਹੀ ਆਕੇ ਪਾਵਨ ਬਣਾਉਣਾ ਹੈ। ਇੱਥੇ ਬੱਚਿਆਂ ਨੂੰ ਡਾਇਰੈਕਟ ਪਾਵਨ ਬਣਾ ਰਹੇ ਹਨ। ਸਮਝਦੇ ਵੀ ਹਨ ਫਿਰ ਵੀ ਗਿਆਨ ਬੁੱਧੀ ਵਿੱਚ ਬੈਠਦਾ ਨਹੀਂ। ਕਿਸੇ ਨੂੰ ਸਮਝਾ ਨਹੀਂ ਸਕਦੇ। ਸ਼੍ਰੀਮਤ ਨੂੰ ਉਠਾਉਂਦੇ ਨਹੀਂ ਤਾਂ ਸ੍ਰੇਸ਼ਠ ਤੇ ਸ੍ਰੇਸ਼ਠ ਬਣ ਨਹੀਂ ਸਕਦੇ। ਜੋ ਸਮਝਦੇ ਹੀ ਨਹੀਂ ਉਹ ਕੀ ਪਦ ਪਾਉਣਗੇ। ਜਿੰਨਾ ਸਰਵਿਸ ਕਰਨਗੇ - ਉੰਨਾ ਉੱਚ ਪਦ ਪਾਉਣਗੇ। ਬਾਪ ਨੇ ਕਿਹਾ ਹੈ - ਹੱਡੀ - ਹੱਡੀ ਸਰਵਿਸ ਵਿੱਚ ਦੇਣੀ ਹੈ। ਆਲਰਾਊਂਡਰ ਸਰਵਿਸ ਕਰਨੀ ਹੈ। ਬਾਪ ਦੀ ਸਰਵਿਸ ਵਿੱਚ ਅਸੀਂ ਹੱਡੀ ਦੇਣ ਨੂੰ ਵੀ ਤਿਆਰ ਹਾਂ। ਬਹੁਤ ਬੱਚੀਆਂ ਤੜਫਦੀ ਰਹਿੰਦੀਆਂ ਹਨ - ਸਰਵਿਸ ਦੇ ਲਈ। ਬਾਬਾ ਸਾਨੂੰ ਛੁਡਾਓ ਤਾਂ ਅਸੀਂ ਸਰਵਿਸ ਵਿੱਚ ਲੱਗ ਜਾਈਏ, ਜਿਸ ਨਾਲ ਬਹੁਤਿਆਂ ਦਾ ਕਲਿਆਣ ਹੋਵੇ। ਸਾਰੀ ਦੁਨੀਆਂ ਤਾਂ ਜਿਸਮਾਨੀ ਸੇਵਾ ਕਰਦੀ ਹੈ, ਉਸ ਨਾਲ ਤਾਂ ਸੀੜੀ ਥੱਲੇ ਹੀ ਉਤਰਦੇ ਆਉਂਦੇ ਹੋ। ਹੁਣ ਇਸ ਰੂਹਾਨੀ ਸੇਵਾ ਨਾਲ ਚੜ੍ਹਦੀ ਕਲਾ ਹੁੰਦੀ ਹੈ। ਹਰ ਇੱਕ ਸਮਝ ਸਕਦੇ ਹਨ - ਇਹ ਫਲਾਣੇ ਸਾਡੇ ਤੋਂ ਜਾਸਤੀ ਸਰਵਿਸ ਕਰਦੇ ਹਨ। ਸਰਵਿਸਏਬਲ ਚੰਗੀਆਂ ਬੱਚੀਆਂ ਹਨ, ਤਾਂ ਸੈਂਟਰ ਵੀ ਸੰਭਾਲ ਸਕਦੀਆਂ ਹਨ। ਕਲਾਸ ਵਿੱਚ ਨੰਬਰਵਾਰ ਬੈਠਦੇ ਹਨ ਨਾ। ਇੱਥੇ ਤਾਂ ਨੰਬਰਵਾਰ ਨਹੀਂ ਬਿਠਾਉਂਦੇ ਹਨ, ਫ਼ੰਕ ਹੋ ਜਾਣਗੇ। ਸਮਝ ਤਾਂ ਸਕਦੇ ਹਨ ਨਾ। ਸਰਵਿਸ ਨਹੀਂ ਕਰਦੇ ਤਾਂ ਜਰੂਰ ਪਦਵੀ ਵੀ ਘੱਟ ਹੋ ਜਾਵੇਗੀ। ਪਦਵੀ ਨੰਬਰਵਾਰ ਬਹੁਤ ਹਨ ਨਾ। ਪਰ ਉਹ ਹੈ ਸੁਖਧਾਮ, ਇਹ ਹੈ ਦੁਖਧਾਮ। ਉੱਥੇ ਬਿਮਾਰੀ ਆਦਿ ਕੋਈ ਹੁੰਦੀ ਨਹੀਂ। ਬੁੱਧੀ ਤੋਂ ਕੰਮ ਲੈਣਾ ਪੈਂਦਾ ਹੈ। ਸਮਝਣਾ ਚਾਹੀਦਾ ਹੈ ਅਸੀਂ ਤਾਂ ਬਹੁਤ ਘੱਟ ਪਦਵੀ ਪਾ ਲਵਾਂਗੇ ਕਿਉਂਕਿ ਸਰਵਿਸ ਤਾਂ ਕਰਦੇ ਨਹੀਂ ਹਨ। ਸਰਵਿਸ ਤੋਂ ਹੀ ਪਦਵੀ ਮਿਲ ਸਕਦੀ ਹੈ। ਆਪਣੀ ਜਾਂਚ ਕਰਨੀ ਚਾਹੀਦੀ ਹੈ। ਹਰ ਇੱਕ ਆਪਣੀ ਅਵਸਥਾ ਨੂੰ ਜਾਣਦੇ ਹਨ। ਮੰਮਾ ਬਾਬਾ ਵੀ ਸਰਵਿਸ ਕਰਦੇ ਆਏ ਹਨ। ਚੰਗੇ - ਚੰਗੇ ਬੱਚੇ ਵੀ ਹਨ। ਭਾਵੇਂ ਨੌਕਰੀ ਵਿੱਚ ਵੀ ਹਨ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਹਾਫ ਪੇ ਵੀ ਛੁੱਟੀ ਲੈ ਜਾਕੇ ਸਰਵਿਸ ਕਰੋ, ਹਰਜਾ ਨਹੀਂ ਹੈ। ਜੋ ਬਾਬਾ ਦੀ ਦਿਲ ਤੇ ਸੋ ਤਾਉਸੀ ਤਖਤ ਤੇ ਬੈਠਦੇ ਹਨ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਇਵੇਂ ਹੀ ਵਿਜਯ ਮਾਲਾ ਵਿੱਚ ਆ ਜਾਂਦੇ ਹਨ। ਅਰਪਣ ਵੀ ਹੁੰਦੇ ਹਨ, ਸਰਵਿਸ ਵੀ ਕਰਦੇ ਹਨ। ਕੋਈ ਤਾਂ ਭਾਵੇਂ

ਅਰਪਣ ਹੁੰਦੇ ਹਨ, ਸਰਵਿਸ ਨਹੀਂ ਕਰਦੇ ਤਾਂ ਪਦਵੀ ਘੱਟ ਹੋ ਜਾਵੇਗੀ ਨਾ। ਇਹ ਰਾਜਧਾਨੀ ਸਥਾਪਨ ਹੁੰਦੀ ਹੈ ਸ਼੍ਰੀਮਤ ਨਾਲ। ਇਵੇਂ ਕਦੀ ਸੁਣਿਆ? ਜਾਂ ਪੜ੍ਹਾਈ ਨਾਲ ਰਜਾਈ ਸਥਾਪਨ ਹੁੰਦੀ ਹੈ ਇਹ ਕਦੇ ਸੁਣਿਆ ਕਦੇ ਵੇਖਿਆ? ਹਾਂ, ਦਾਨ - ਪੁੰਨ ਕਰਨ ਨਾਲ ਰਾਜਾ ਦੇ ਘਰ ਜਨਮ ਲੈ ਸਕਦੇ ਹਨ। ਬਾਕੀ ਪੜ੍ਹਾਈ ਨਾਲ ਰਜਾਈ ਪਦਵੀ ਪਾਏ, ਇਵੇਂ ਤਾਂ ਕਦੀ ਸੁਣੀਆਂ ਨਹੀਂ ਹੋਵੇਗਾ। ਕਿਸ ਨੂੰ ਪਤਾ ਵੀ ਨਹੀਂ। ਬਾਪ ਸਮਝਾਉਂਦੇ ਹਨ ਤੁਸੀਂ ਹੀ ਪੂਰੇ 84 ਜਨਮ ਲੀਤੇ ਹਨ। ਤਸੀਂ ਹੁਣ ਉੱਪਰ ਜਾਣਾ ਹੈ। ਹੈ ਬਹੁਤ ਇਜ਼ੀ। ਤੁਸੀਂ ਕਲਪ - ਕਲਪ ਸਮਝਦੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਾਪ ਯਾਦ - ਪਿਆਰ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਦਿੰਦੇ ਹਨ, ਬਹੁਤ ਯਾਦ - ਪਿਆਰ ਉਨ੍ਹਾਂ ਨੂੰ ਦੇਣਗੇ ਜੋ ਸਰਵਿਸ ਵਿੱਚ ਹਨ। ਤਾਂ ਆਪਣੀ ਜਾਂਚ ਕਰਨੀ ਹੈ ਕਿ ਮੈਂ ਦਿਲ ਤੇ ਚੜ੍ਹਿਆ ਹੋਇਆ ਹਾਂ? ਮਾਲਾ ਦਾ ਦਾਨਾ ਬਣ ਸਕਦਾ ਹਾਂ? ਅਨਪੜ੍ਹੇ ਜਰੂਰ ਪੜ੍ਹੇ ਹੋਏ ਦੇ ਅੱਗੇ ਭਰੀ ਢੋਣਗੇ। ਬਾਪ ਤਾਂ ਸਮਝਾਉਂਦੇ ਹਨ ਬੱਚੇ ਪੁਰਸ਼ਾਰਥ ਕਰੋ, ਪਰ ਡਰਾਮਾ ਵਿੱਚ ਪਾਰ੍ਹ ਨਹੀਂ ਤਾਂ ਫਿਰ ਕਿੰਨਾ ਵੀ ਮੱਥਾ ਮਾਰੋ, ਚੜ੍ਹਦੇ ਹੀ ਨਹੀਂ। ਕੋਈ ਨਾ ਕੋਈ ਗ੍ਰਹਿਚਾਰੀ ਲੱਗ ਜਾਂਦੀ ਹੈ। ਦੇਹ -ਅਭਿਮਾਨ ਨਾਲ ਹੀ ਫਿਰ ਹੋਰ ਵਿਕਾਰ ਆਉਂਦੇ ਹਨ। ਮੁੱਖ ਕੜੀ ਬਿਮਾਰੀ ਦੇਹ - ਅਭਿਮਾਨ ਦੀ ਹੈ। ਸਤਿਯੁਗ ਵਿੱਚ ਦੇਹ -, ਅਭਿਮਾਨ ਦਾ ਨਾਮ ਹੀ ਨਹੀਂ ਹੋਵੇਗਾ। ਉੱਥੇ ਤਾਂ ਹੈ ਹੀ ਤੁਹਾਡੀ ਪ੍ਰਾਲਬੱਧ। ਇਹ ਇੱਥੇ ਹੀ ਬਾਪ ਸਮਝਾਉਂਦੇ ਹਨ। ਹੋਰ ਕੋਈ ਇਵੇਂ ਸ਼੍ਰੀਮਤ ਦਿੰਦੇ ਨਹੀਂ ਕਿ ਆਪਣੇ ਨੂੰ ਆਤਮਾ ਸਮਝ ਮਾਮੇਕਮ ਯਾਦ ਕਰੋ। ਇਹ ਮੁੱਖ ਗੱਲ ਹੈ। ਲਿਖਣਾ ਚਾਹੀਦਾ ਹੈ - ਨਿਰਾਕਾਰ ਭਗਵਾਨ ਕਹਿੰਦੇ ਹਨ ਮੈਨੂੰ ਇੱਕ ਨੂੰ ਯਾਦ ਕਰੋ। ਆਪਣੇ ਨੂੰ ਆਤਮਾ ਸਮਝੋ। ਆਪਣੀ ਦੇਹ ਨੂੰ ਵੀ ਯਾਦ ਨਹੀਂ ਕਰੋ। ਜਿਵੇਂ ਭਗਤੀ ਵਿੱਚ ਵੀ ਇੱਕ ਸ਼ਿਵ ਦੀ ਹੀ ਪੂਜਾ ਕਰਦੇ ਹੋ। ਹੁਣ ਗਿਆਨ ਵੀ ਸਿਰਫ ਮੈਂ ਹੀ ਦਿੰਦਾ ਹਾਂ। ਬਾਕੀ ਸਭ ਹੈ ਭਗਤੀ, ਅਵਿਭਿਆਚਾਰੀ ਗਿਆਨ ਇੱਕ ਹੀ ਸ਼ਿਵਬਾਬਾ ਤੋਂ ਤੁਹਾਨੂੰ ਮਿਲਦਾ ਹੈ। ਇਹ ਗਿਆਨ ਸਾਗਰ ਤੋਂ ਰਤਨ ਨਿਕਲਦੇ ਹਨ। ਉਸ ਸਾਗਰ ਦੀ ਗੱਲ ਨਹੀਂ। ਇਹ ਗਿਆਨ ਦਾ ਸਾਗਰ ਤੁਸੀਂ ਬੱਚਿਆਂ ਨੂੰ ਗਿਆਨ ਰਤਨ ਦਿੰਦੇ ਹਨ, ਜਿਸ ਨਾਲ ਤੁਸੀਂ ਦੇਵਤਾ ਬਣਦੇ ਹੋ। ਸ਼ਾਸਤਰਾਂ ਵਿੱਚ ਤਾਂ ਕੀ - ਕੀ ਲਿਖ ਦਿੱਤਾ ਹੈ। ਸਾਗਰ ਤੋਂ ਦੇਵਤਾ ਨਿਕਲਿਆ ਫਿਰ ਰਤਨ ਦਿੱਤਾ। ਇਹ ਗਿਆਨ ਸਾਗਰ ਤੁਸੀਂ ਬੱਚਿਆਂ ਨੂੰ ਰਤਨ ਦਿੰਦੇ ਹਨ। ਤੁਸੀਂ ਗਿਆਨ ਰਤਨ ਚੁਗਦੇ ਹੋ। ਅੱਗੇ ਪੱਥਰ ਚੁਗਦੇ ਸੀ, ਤਾਂ ਪੱਥਰਬੁੱਧੀ ਬਣ ਗਏ। ਹੁਣ ਰਤਨ ਚੁਗਣ ਨਾਲ ਤੁਸੀਂ ਪਾਰਸਬੁੱਧੀ ਬਣ ਜਾਂਦੇ ਹਨ। ਪਾਰਸਨਾਥ ਬਣਦੇ ਹੋ ਨਾ। ਇਹ ਪਾਰਸਨਾਥ (ਲਕਸ਼ਮੀ - ਨਾਰਾਇਣ) ਵਿਸ਼ਵ ਦੇ ਮਾਲਿਕ ਸਨ। ਭਗਤੀ ਮਾਰਗ ਵਿੱਚ ਤਾਂ ਕਈ ਨਾਮ, ਕਈ ਚਿੱਤਰ ਬਣਾ ਰੱਖੇ ਹਨ। ਅਸਲ ਵਿੱਚ ਲਕਸ਼ਮੀ - ਨਾਰਾਇਣ ਜਾਂ ਪਾਰਸਨਾਥ ਇੱਕ ਹੀ ਹੈ, ਨੇਪਾਲ ਵਿੱਚ ਪਸ਼ੂਪਤੀਨਾਥ ਦਾ ਮੇਲਾ ਲੱਗਦਾ ਹੈ, ਉਹ ਵੀ ਪਾਰਸਨਾਥ ਹੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬਾਪ ਨੇ ਜੋ ਗਿਆਨ ਰਤਨ ਦਿੱਤੇ ਹਨ, ਉਹ ਹੀ ਚੁਗਣੇ ਹਨ। ਪੱਥਰ ਨਹੀਂ। ਦੇਹ ਅਭਿਮਾਨ ਦੀ ਕੜੀ ਬਿਮਾਰੀ ਤੋਂ ਖ਼ੁਦ ਨੂੰ ਬਚਾਉਣਾ ਹੈ।

**2.** ਆਪਣੀ ਬੈਟਰੀ ਨੂੰ ਫੁਲ ਚਾਰਜ ਕਰਨ ਦੇ ਲਈ ਪਾਵਰ ਹਾਊਸ ਬਾਪ ਨਾਲ ਯੋਗ ਲਗਾਉਣਾ ਹੈ। ,ਆਤਮ - ਅਭਿਮਾਨੀ ਰਹਿਣ ਦਾ ਪੁਰਸ਼ਾਰਥ ਕਰਨਾ ਹੈ। ਨਿਰਭਓ ਰਹਿਣਾ ਹੈ।

ਵਰਦਾਨ:- ਦਾਤਾਪਨ ਦੀ ਭਾਵਨਾ ਦ੍ਵਾਰਾ ਇੱਛਾ ਮਾਤਰਮ ਅਵਿਧਿਆ ਦੀ ਸਥਿਤੀ ਦਾ ਅਨੁਭਵ ਕਰਨ ਵਾਲੇ ਤ੍ਰਿਪਤ ਆਤਮਾ ਭਵ।

ਸਦਾ ਇੱਕ ਲਕਸ਼ ਹੋਵੇ ਕਿ ਸਾਨੂੰ ਦਾਤਾ ਦਾ ਬੱਚਾ ਬਣ ਸਰਵ ਆਤਮਾਵਾਂ ਨੂੰ ਦੇਣਾ ਹੈ, ਦਾਤਾਪਨ ਦੀ ਭਾਵਨਾ ਰੱਖਣ ਨਾਲ ਸੰਪੰਨ ਆਤਮਾ ਹੋ ਜਾਵੋਗੇ ਅਤੇ ਜੋ ਸੰਪੰਨ ਹੋਣਗੇ ਉਹ ਸਦਾ ਤ੍ਰਿਪਤ ਹੋਣਗੇ। ਮੈਂ ਦੇਣ ਵਾਲਾ ਦਾਤਾ ਦਾ ਬੱਚਾ ਹਾਂ - ਦੇਣਾ ਹੀ ਲੈਣਾ ਹੈ, ਇਹ ਹੀ ਭਾਵਨਾ ਸਦਾ ਨਿਰਵਿਘਣ, ਇੱਛਾ ਮਾਤਰਮ ਅਵਿਧਿਆ ਦੀ ਸਥਿਤੀ ਦਾ ਅਨੁਭਵ ਕਰਾਉਂਦੀ ਹੈ। ਸਦਾ ਇੱਕ ਲਕਸ਼ ਦੇ ਵੱਲ ਹੀ ਨਜਰ ਰਹੇ, ਉਹ ਲਕਸ਼ ਹੈ ਬਿੰਦੂ ਅਤੇ ਕਿਸੇ ਵੀ ਗੱਲਾਂ ਦੇ ਵਿਸਤਾਰ ਨੂੰ ਵੇਖਦੇ ਹੋਏ ਨਹੀਂ ਵੇਖੋ, ਸੁਣਦੇ ਹੋਏ ਵੀ ਨਹੀਂ ਸੁਣੋ।

ਸਲੋਗਨ:- ਬੁੱਧੀ ਜਾਂ ਸਥਿਤੀ ਜੇਕਰ ਕਮਜੋਰ ਹੈ ਤਾਂ ਉਸ ਦਾ ਕਾਰਣ ਹੈ ਵਿਅਰਥ ਸੰਕਲਪ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਵੋ।

ਕਰਮਾਤੀਤ ਬਣਨ ਦੇ ਲਈ ਕਰਮਾ ਦੇ ਹਿਸਾਬ - ਕਿਤਾਬ ਤੋਂ ਮੁਕਤ ਬਣੋ। ਸੇਵਾ ਵਿਚ ਵੀ ਸੇਵਾ ਦੇ ਬੰਧਨ ਵਿੱਚ ਬੰਧਣ ਵਾਲੇ ਸੇਵਾਦਾਰੀ ਨਹੀਂ। ਬੰਧਨ ਮੁਕਤ ਬਣ ਸੇਵਾ ਕਰੋ ਮਤਲਬ ਹਦ ਦੀਆਂ ਰਾਯਲ ਇੱਛਾਵਾਂ ਤੋਂ ਮੁਕਤ ਬਣੋ। ਜਿਵੇਂ ਦੇਹ ਦਾ ਬੰਧਨ, ਦੇਹ ਦੇ ਸੰਬੰਧ ਦਾ ਬੰਧਨ, ਜਿਵੇਂ ਸੇਵਾ ਵਿਚ ਸਵਾਰਥ - ਇਹ ਵੀ ਬੰਧਨ ਕਰਮਾਤੀਤ ਬਣਨ ਵਿਚ ਵਿਘਣ ਪਾਉਂਦਾ ਹੈ। ਕਰਮਾਤੀਤ ਬਣਨਾ

ਮਤਲਬ ਰਾਯਲ ਹਿਸਾਬ - ਕਿਤਾਬ ਤੋਂ ਵੀ ਮੁਕਤ।